ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,
ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.)

ਮੀਮੋ ਨੰ ਸਸਅ/ਆਈਈਡੀ/09/77792-77831
ਮਿਤੀ ਚੰਡੀਗੜ੍ਹ 30 ਨਵੰਬਰ, 2009

ਵਿਸ਼ਾ ਜ਼ਰੂਰਤਮੰਦ ਸਕੂਲੀ ਵਿਦਿਆਰਥੀਆਂ ਨੂੰ ਡਿਸਏਬਿਲਟੀ ਸਰਟੀਫਿਕੇਟ ਦੇਣ ਲਈ ਸਿੱਖਿਆ ਵਿਭਾਗ ਵੱਲੋਂ ਲਗਾਏ ਜਾ ਰਹੇ ਕੈਂਪਾਂ ਬਾਰੇ ।

1.0 ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ ਸਰਕਾਰ ਵੱਲੋ ਰਾਜ ਦੇ ਸਮੂਹ ਸਿਵਲ ਸਰਜਨਾਂ ਨੂੰ ਲਿਖੇ ਗਏ ਪੱਤਰ ਨੰ ਪੀ.ਐਸ/ਪ੍ਰਸਸਿ/686 ਮਤੀ 23.11.2009 (ਕਾਪੀ ਨੱਥੀ ਹੈ) ਵੱਲ ਦਵਾਇਆ ਜਾਂਦਾ ਹੈ ।

2.0 ਆਪ ਜੀ ਨੂੰ ਪਤਾ ਹੋਵੇਗਾ ਕਿ ਜ਼ਰੂਰਤਮੰਦ ਸਕੂਲੀ ਵਿਦਿਆਰਥੀਆਂ ਨੂੰ ਡਿਸਏਬਿਲਟੀ ਸਰਟੀਫਿਕੇਟ ਦਵਾਉਣ ਲਈ ਮਾਮਲਾ ਸਿਹਤ ਵਿਭਾਗ ਨਾਲ ਟੇਕ-ਅਪ ਕੀਤਾ ਗਿਆ ਸੀ । ਮਾਨਯੋਗ ਪ੍ਰਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ ਸਰਕਾਰ ਵੱਲੋਂ ਸਮੂਹ ਸਿਵਲ ਸਰਜਨਾਂ ਨੂੰ ਆਪਣੇ ਪੱਤਰ ਨੰ ਪੀ.ਐਸ./ਪ੍ਰ.ਸ.ਸਿ./687 ਮਿਤੀ 23.11.2009 ਦੇ ਰਾਹੀਂ ਹੇਠਾਂ ਲਿਖੀਆਂ ਹਦਾਇਤਾਂ ਜਾਰੀ ਕੀਤੀਆਂ ਹਨ :-

(1) ਜ਼ਿਲ੍ਹਾ ਸਿੱਖਿਆ ਅਫਸਰ ਮਹੀਨੇ ਦੇ ਆਖਰੀ ਹਫਤੇ ਵਿੱਚ ਸਿਵਲ ਸਰਜਨ ਨਾਲ ਬੈਠ ਕੇ ਅਗਲੇ ਮਹੀਨੇ ਵਿੱਚ ਜੋ ਕੈਂਪ ਲਗਾਉਣ ਦੀ ਤਜਵੀਜ ਹੈ, ਉਸ ਬਾਰੇ ਵਿਚਾਰ ਵਟਾਂਦਰਾ ਕਰਨਗੇ;

(2) ਜ਼ਿਲ੍ਹਾ ਸਿੱਖਿਆ ਅਫਸਰ ਅਤੇ ਸਿਵਲ ਸਰਜਨ ਇਨ੍ਹਾਂ ਕੈਂਪਾਂ ਬਾਰੇ ਮਿਤੀ ਫਾਈਨਲ ਕਰਨਗੇ ।

(3) ਉਸ ਮਿਤੀ ਨੂੰ ਸਿਹਤ ਵਿਭਾਗ ਡਾਕਟਰ ਡਪਿਊਟ ਕਰੇਗਾ ਅਤੇ ਇਨਸ਼ੁਅਰ ਕਰੇਗਾ ਕਿ ਹਰ ਤਰ੍ਹਾ ਦਾ ਡਿਸਏਬਲਟੀ ਸਰਟੀਫਿਕੇਟ ਉਸੀ ਦਿਨ ਜਾਰੀ ਕੀਤਾ ਜਾਵੇ ;

(4) ਜੇਕਰ ਸਿੱਖਿਆ ਵਿਭਾਗ ਵੱਲੋਂ ਕੋਈ ਤਾਲਮੇਲ ਦੀ ਕਮੀ ਪਾਈ ਜਾਂਦੀ ਹੈ ਤਾਂ ਸਿਵਲ ਸਰਜਲ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਸੂਚਨਾ ਕਰਨਗੇ ਅਤੇ ਡਾਇਰੈਕਟਰ ਜਨਰਲ

ਸਕੂਲ ਸਿੱਖਿਆ, ਸ੍ਰੀ ਕ੍ਰਿਸ਼ਨ ਕੁਮਾਰ, ਆਈ.ਏ.ਐਸ. ਮੋਬਾਇਲ ਨੰ 9417600528 ਨੂੰ ਵੀ ਸੂਚਨਾ ਦੇਣਗੇ ।

3.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਉਪਰੋਕਤ ਹਦਾਇਤਾਂ ਮੁਤਾਬਿਕ ਇਸ ਮੁੱਦੇ ਤੇ ਅਗਲੇਰੀ ਕਾਰਵਾਈ ਕੀਤੀ ਜਾਵੇ ਅਤੇ ਜਿੱਥੇ ਕਿਧਰੇ ਆਪ ਜੀ ਨੂੰ ਕੋਈ ਦਿੱਕਤ ਪੇਸ਼ ਆਉਂਦੀ ਹੈ ਤਾਂ ਇਸ ਦਫਤਰ ਨੂੰ ਜਾਣੂ ਕਰਵਾਇਆ ਜਾਵੇ ।

4.0 ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕੋਈ ਵੀ ਪ੍ਰੋਗਰਾਮ ਬਣਾਉਣ ਤੋਂ ਪਹਿਲਾਂ ਸਿਵਲ ਸਰਜਨ ਨਾਲ ਨਿਜੀ ਤੌਰ ਤੇ ਸੰਪਰਕ ਕਰ ਲਿਆ ਜਾਵੇ ਅਤੇ ਉਨ੍ਹਾਂ ਦੀ ਸਲਾਹ ਨਾਲ ਹੀ ਡਿਸਏਬਿਲਟੀ ਸਰਟੀਫਿਕੇਟ ਲੈਣ ਲਈ ਕੈਂਪ ਲਗਾਏ ਜਾਣ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ :-

1. ਰਾਜ ਦੇ ਸਮੂਹ ਸਿਵਲ ਸਰਜਨਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੀ ਵੀ ਪੱਧਰ ਤੇ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਕਿਸੇ ਤਰ੍ਹਾਂ ਦੀ ਕਮੀ ਪੇਸ਼ ਆਉਂਦੀ ਹੈ ਤਾਂ ਉਸ ਦੀ ਜਾਣਕਾਰੀ ਨਿਮਨਹਸਤਾਖਰਿਤ ਨੂੰ ਮੋਬਾਇਲ ਨੰ 9417600528 ਤੇ ਸੂਚਿਤ ਕੀਤਾ ਜਾਵੇ ।
2. ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ
3. ਡੀ.ਐਮ. (ਐਮ.ਆਈ. ਐਸ.) ਨੂੰ ਵੈੱਬ ਸਾਈਟ ਤੇ ਪਾਉਣ ਲਈ ।